ਨੰਬਰ:- ਸ੍ਰੀ.ਏ.ਓ.-7929-30
ਮਿਤੀ 21/9/2018

1451
21/9/18

ਵੱਲੋਂ

ਡਿਪਟੀ ਕਮਿਸ਼ਨਰ
ਅੰਮ੍ਰਿਤਸਰ

ਵੱਲ

1 ਜਿਲ੍ਹਾ ਸਿਖਿਆ ਅਫਸਰ (ਸੈਕੰਡਰੀ ਸਿੱਖਿਆ), ਅੰਮ੍ਰਿਤਸਰ
2 ਜਿਲ੍ਹਾ ਸਿਖਿਆ ਅਫਸਰ (ਪ੍ਰਾਇਮਰੀ ਸਿੱਖਿਆ), ਅੰਮ੍ਰਿਤਸਰ

ਵਿਸ਼ਾ:- ਮਿਤੀ 25/09/2018 ਅਤੇ 10/10/2018 ਨੂੰ ਸਕੂਲੀ ਬੱਚਿਆਂ ਨੂੰ ਪਰਾਲੀ ਨੂੰ ਨਾ ਸਾੜਨ ਸਬੰਧੀ ਜਾਗਰੂਕ ਕਰਨ ਬਾਰੇ।

ਉਪਰੋਕਤ ਵਿਸ਼ੇ ਅਧੀਨ ਮਾਨਯੋਗ ਸਕੱਤਰ ਖੇਤੀਬਾੜੀ ਅਤੇ ਮਿਸ਼ਨ ਤੰਦਰੁਸਤ ਪੰਜਾਬ ਜੀ ਵੱਲੋਂ ਮਿਲੇ ਆਦੇਸ਼ਾਂ ਦੀ ਪੂਰਤੀ ਹਿੱਤ ਮਿਤੀ 25/09/2018 ਨੂੰ ਸਕੂਲੀ ਬੱਚਿਆਂ ਨੂੰ ਪਰਾਲੀ ਨੂੰ ਨਾ ਸਾੜਨ ਸਬੰਧੀ ਜਾਗਰੂਕ ਕਰਨ ਦੀ ਮੁਹਿੰਮ ਚਲਾਈ ਜਾਣੀ ਹੈ। ਇਸ ਲਈ ਆਪ ਨੂੰ ਲਿਖਿਆ ਜਾਂਦਾ ਹੈ ਕਿ ਆਪ ਦੇ ਅਧੀਨ ਆਉਂਦੇ ਸਮੂਹ ਸਕੂਲ ਮੁੱਖੀਆਂ ਨੂੰ ਹਦਾਇਤ ਕੀਤੀ ਜਾਵੇ ਕਿ ਮਿਤੀ 25/09/2018 ਅਤੇ 10/10/2018 ਨੂੰ ਸਵੇਰੇ ਪ੍ਰਾਥਨਾ ਦੇ ਸਮੇਂ ਦੌਰਾਨ ਵਾਤਾਵਰਣ ਨੂੰ ਬਚਾਉਣ ਲਈ ਅਤੇ ਪਰਾਲੀ ਸਾੜਨ ਦੇ ਨਾਲ ਹੋਣ ਵਾਲੇ ਨੁਕਸਾਨ ਪ੍ਰਤੀ ਬੱਚਿਆਂ ਨੂੰ ਜਾਗਰੂਕ ਕੀਤਾ ਜਾਵੇ, ਤਾਂ ਜੋ ਬੱਚੇ ਅੱਗੇ ਆਪਣੇ ਮਾਪਿਆਂ ਅਤੇ ਆਂਢ-ਗੁਆਂਢ ਨੂੰ ਇਸ ਮਾੜੀ ਪ੍ਰਥਾ ਨੂੰ ਰੋਕਣ ਵਿੱਚ ਆਪਣਾ ਯੋਗਦਾਨ ਪਾ ਸਕਣ। ਬੱਚਿਆਂ ਨੂੰ ਸੁਨੇਹੇ ਦੇ ਰੂਪ ਵਿੱਚ ਪਰਾਲੀ ਨੂੰ ਅੱਗ ਲਾਉਣ ਦੇ ਨੁਕਸਾਨ ਅਤੇ ਪਰਾਲੀ ਨਾ ਸਾੜਨ ਦੇ ਫਾਇਦੇ ਬਾਰੇ ਪੱਤਰ ਨੱਥੀ ਕੀਤਾ ਜਾਂਦਾ ਹੈ। ਇਸ ਨੂੰ ਅਤੀ ਜਰੂਰੀ ਸਮਝਿਆ ਜਾਵੇ।

ਨੱਥੀ:- ਸੁਨੇਹਾ

ਡਿਪਟੀ ਕਮਿਸ਼ਨਰ
ਅੰਮ੍ਰਿਤਸਰ
21/9

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ. ਸਿ.) ਅੰਮ੍ਰਿਤਸਰ
ਪੰਠਅੰ ਨੰ ਈ-4/2018-5813 ਮਿਤੀ ਅੰਮ੍ਰਿਤਸਰ 24/9/18

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁਖੀ ਸਰਕਾਰੀ/ਪ੍ਰਾਈਵੇਟ/ਏਡਿਡ/ਮਾਨਤਾ ਪ੍ਰਾਪਤ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਪਰੋਕਤ ਹੁਕਮਾਂ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇ

ਨੱਥੀ-1

ਉਪ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਅੰਮ੍ਰਿਤਸਰ
24/9/18

# ਸੁਨੇਹਾ

**"ਆਉ ਰਲ ਕੇ ਧਰਤੀ ਮਾਂ ਬਚਾਈਏ ,ਪਰਾਲੀ ਨੂੰ ਅੱਗ ਨਾ ਲਾਈਏ ।"**

## ਪਰਾਲੀ ਨੂੰ ਸਾੜਨ ਦੇ ਨੁਕਸਾਨ

1) ਅੱਗ ਲਾਉਣ ਨਾਲ ਖੁਰਾਕੀ ਤੱਤ ਜਿਵੇ ਨਾਈਟਰੋਜਨ, ਫਾਸਫੋਰਸ, ਗੰਧਕ ਅਤੇ ਪੋਟਾਸ਼ ਸੜ ਜਾਦੇ ਹਨ, ਅਤੇ ਕੁਦਰਤੀ ਸੋਮਿਆ ਦਾ ਨੁਕਸਾਨ ਹੁੰਦਾ ਹੈ। ਜਿਸ ਕਾਰਨ ਜਮੀਨ ਦੀ ਉਪਜਾਊ ਸਕ਼ਤੀ ਨਸ਼ਟ ਹੋ ਜਾਦੀ ਹੈ।
2) ਪਰਾਲੀ ਨੂੰ ਅੱਗ ਲਾਉਣ ਕਾਰਨ ਪੈਦਾ ਹੋਏ ਜਹਿਰਲੇ ਧੂੰਏ/ਗੈਸਾਂ ਕਾਰਨ ਸਮੁੱਚੀ ਮਨੁੱਖਤਾ ਅਤੇ ਜੀਵ- ਜੰਤੂਆ ਦੀ ਸਿਹਤ ਤੇ ਬਹੁਤ ਮਾੜਾ ਪ੍ਰਭਾਵ ਪੈਦਾ ਹੈ ।
3) ਅੱਗ ਨਾਲ ਖੇਤਾ ਵਿੱਚ ਅਤੇ ਸੜਕਾਂ ਦੇ ਕੰਢਿਆਂ ਤੇ ਲੱਗੇ ਰੁੱਖ ਸੜ ਜਾਦੇ ਹਨ ।
4) ਅੱਗ ਕਾਰਨ ਪੈਦਾ ਧੂੰਏ ਨਾਲ ਸੜਕਾਂ ਤੇ ਐਕਸੀਡੈਂਟ ਹੁੰਦੇ ਹਨ ਅਤੇ ਬਹੁਤ ਕੀਮਤੀ ਮਨੁੱਖੀ ਜਾਨਾਂ ਚਲੀਆਂ ਜਾਂਦੀਆਂ ਹਨ ।
5) ਪਲੀਤ ਵਾਤਾਵਰਣ ਅਤੇ ਆਕਸੀਜਨ ਦੀ ਕਮੀ ਕਰਕੇ ਮਾਤਾ ਦੇ ਗਰਭ ਵਿੱਚ ਪਲ ਰਹੇ ਅਤੇ ਪੈਦਾ ਹੋਏ ਛੋਟੇ ਬੱਚਿਆ ਦੇ ਦਿਮਾਗ ਦਾ ਵਿਕਾਸ ਰੁੱਕ ਜਾਦਾ ਹੈ ।
6) ਪਰਾਲੀ ਸਾੜਨ ਕਰਕੇ ਜਮੀਨ ਵਿੱਚੋ ਜੀਵਕ ਕਾਰਬਨ ਮਾਦਾ ਘੱਟ ਜਾਦਾਂ ਹੈ ਜਿਸ ਕਾਰਨ ਜਮੀਨ ਕਠੋਰ ਅਤੇ ਕੱਲਰ ਹੋ ਜਾਦੀ ਹੈ ਅਤੇ ਪਾਣੀ ਜਜਬ ਕਰਨ ਦੀ ਸਕਤੀ ਘੱਟ ਜਾਂਦੀ ਹੈ ।

## ਪਰਾਲੀ ਨਾ ਸਾੜਨ ਦੇ ਫਾਇਦੇ

1) ਇੱਕ ਟੱਨ (10 ਕਵਿ:) ਪਰਾਲੀ ਵਿੱਚੋਂ 5.5 ਕਿਲੋ ਨਾਈਟਰੋਜਨ 2.3 ਕਿਲੋ ਫਾਸਫੋਰਸ, 25 ਕਿਲੋ ਪੋਟਾਸ਼ੀਅਮ 1.2 ਕਿਲੋ ਗੰਧਕ ਅਤੇ 400 ਕਿਲੋ ਜੈਵਿਕ ਕਾਰਬਨ ਪ੍ਰਾਪਤ ਹੁੰਦੀ ਹੈ।
2) ਜਮੀਨ ਵਿੱਚ ਪਰਾਲੀ ਮਿਲਾਉਣ/ਵਾਹੁਣ ਨਾਲ ਉਪਰੋਕਤ ਤੱਤ ਮਿਲਣ ਕਰਕੇ ਫਸਲਾਂ ਦੇ ਝਾੜ ਵਿੱਚ 10-15 %ਵਾਧਾ ਹੁੰਦਾ ਹੈ।
3) ਪਰਾਲੀ ਨਾ ਸਾੜਨ ਕਰਕੇ ਧਰਤੀ ਅਤੇ ਮਨੁੱਖਤਾ ਦੀ ਸਿਹਤ ਠੀਕ ਰਹਿੰਦੀ ਹੈ ।
4) ਪਰਾਲੀ ਨਾ ਸਾੜਣ ਕਰਕੇ ਵਾਤਾਤਰਣ ਪ੍ਰਦੂਸ਼ਿਤ ਨਹੀ ਹੁੰਦਾ ਹੈ।
5) ਪਰਾਲੀ ਨੂੰ ਜਮੀਨ ਵਿੱਚ ਰਲਾਉਣ ਕਾਰਨ ਫਸਲਾਂ ਨੂੰ ਖਾਦਾਂ ਦੀ ਘੱਟ ਲੋੜ ਪੈਦੀ ਹੈ।ਜਿਸ ਕਾਰਨ ਕਿਸਾਨ ਦੇ ਖਰਚੇ ਘੱਟਦੇ ਹਨ ਅਤੇ ਆਮਦਨ ਵਿੱਚ ਵਾਧਾ ਹੁੰਦਾ ਹੈ।

**ਸੋ ਆਉ ਰਲ ਕੇ ਪ੍ਰਣ ਕਰੀਏ ਕਿ ਅਸੀ ਆਪਣੇ ਮਾਪਿਆਂ ਅਤੇ ਆਂਢੀਆਂ -ਗੁਆਂਢੀਆਂ ਨੂੰ ਪਰਾਲੀ ਨੂੰ ਅੱਗ ਨਾ ਲਾਉਣ ਬਾਰੇ ਸੁਚੇਤ ਕਰੀਏ ਅਤੇ ਵਾਤਾਵਰਣ ਨੂੰ ਗੰਧਲਾ ਹੋ ਤੋ ਬਚਾਈਏ ।**